ਤ.ਸ./ਰ.ਕ. / 12.30 / 20.10.2023

# ANNOUNCEMENT BY HON'BLE SPEAKER

**ਮਾਣਯੋਗ ਸਪੀਕਰ :** ਮੈਨੂੰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਸ ਪਵਿੱਤਰ ਸਦਨ ਦੇ ਨੇਤਾ ਅਤੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਐਲਾਨ ਮੁਤਾਬਕ ਸੈਸ਼ਨ ਦੀ ਕਾਰਵਾਈ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਰਾਹੀਂ ਪੇਪਰਲੈੱਸ ਸ਼ੁਰੂ ਹੋ ਗਿਆ ਹੈ। ਇਸ ਨੂੰ ਲੈੱਸ ਪੇਪਰ ਤੋਂ ਕੰਪਲੀਟ ਪੇਪਰ ਲੈੱਸ ਦੀ ਦਿਸ਼ਾ ਵੱਲ ਲੈ ਕੇ ਜਾਣਾ ਹੈ। ਇਹ ਸਾਡੇ ਸਾਰਿਆਂ ਲਈ ਮਾਣ ਦੀ ਗੱਲ ਹੈ ਕਿ ਜਿਸ ਸਮੇਂ ਸਦਨ ਅੰਦਰ ਇਹ ਨਵਾਂ ਅਧਿਆਇ ਸ਼ੁਰੂ ਹੋ ਰਿਹਾ ਹੈ, ਉਸ ਦੇ ਅਸੀਂ ਗਵਾਹ ਹੀ ਨਹੀਂ ਬਲਕਿ ਉਸ ਵਿੱਚ ਹਿੱਸੇਦਾਰ ਬਣੇ ਹਾਂ। ਮਾਣਯੋਗ ਮੈਂਬਰ ਸਾਹਿਬਾਨ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਸਦਨ ਨਾਲ ਸਬੰਧਤ ਕੰਮ ਕਾਜ, ਜਿਵੇਂ ਕਿ ਕਾਰਜ ਸੂਚੀ, ਪ੍ਰਸ਼ਨ ਅਤੇ ਉਨ੍ਹਾਂ ਦੇ ਜਵਾਬ, ਮੇਜ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ਆਦਿ ਸਭ ਸਦਨ ਅੰਦਰ ਹਰ ਮਾਣਯੋਗ ਮੈਂਬਰ ਸਾਹਿਬ ਦੀ ਮੇਜ ਤੇ ਲੱਗੇ ਟੱਚ ਸਕਰੀਨ ਤੇ ਉਪਲਬਧ ਹਨ। ਹਰ ਮਾਣਯੋਗ ਮੈਂਬਰ ਨੂੰ ਸਭਾ ਸਕੱਤਰੇਤ ਵੱਲੋਂ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਦਾ ਲਾਗਿਨ ਆਈ.ਡੀ. ਅਤੇ ਪਾਸਵਰਡ ਦੇ ਦਿੱਤਾ ਗਿਆ ਹੈ। ਮਾਣਯੋਗ ਮੈਂਬਰ ਸਾਹਿਬਾਨਾਂ ਦੀ ਮੇਜ ਤੇ ਲੱਗੇ ਟੱਚ ਸਕੀਰਨ ਤੇ ਈ-ਬੁੱਕ ਉਪਲਬਧ ਹੈ। ਇਸ ਵਿੱਚ ਲਾਗਿਨ ਆਈ.ਡੀ. ਅਤੇ ਪਾਸਵਰਡ ਐਂਟਰ ਕਰਕੇ ਸਦਨ ਨਾਲ ਸਬੰਧਤ ਸਾਰੇ ਦਸਤਾਵੇਜ਼ ਦੇਖੇ ਜਾ ਸਕਦੇ ਹਨ। ਸੈਸ਼ਨ ਖਤਮ ਹੋਣ ਤੇ ਹਰ ਮਾਣਯੋਗ ਮੈਂਬਰ ਆਪਣੀ-ਆਪਣੀ ਈ-ਬੁੱਕ ਨੂੰ ਲਾਗ-ਆਊਟ ਜ਼ਰੂਰ ਕਰਕੇ ਜਾਣ। ਮੇਰੀ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਜਿਹੜੇ ਉਨ੍ਹਾਂ ਨੂੰ ਆਈ-ਪੈਡ ਦਿੱਤੇ ਗਏ ਹਨ, ਉਨ੍ਹਾਂ ਵਿੱਚ ਸਿਮ ਪਾ ਕੇ ਇੰਟਰਨੈੱਟ ਜ਼ਰੂਰ ਚਲਾ ਲੈਣ ਤਾਂ ਜੋ ਵਾਈ-ਫਾਈ ਦੀ ਰੀਚ ਤੋਂ ਬਾਹਰ ਵੀ ਉਹ ਆਈ-ਪੈਡ ਤੇ ਸਦਨ ਨਾਲ ਸਬੰਧਤ ਦਸਤਾਵੇਜ਼ ਦੇਖ ਸਕਣ। ਮੇਰੀ ਪ੍ਰੈਸ ਨੂੰ ਵੀ ਬੇਨਤੀ ਹੈ ਕਿ ਜਿਹੜੇ ਵੀ ਦਸਤਾਵੇਜ਼ ਸਦਨ ਅੰਦਰ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਟੱਚ ਸਕਰੀਨ ਤੇ ਮੁਹੱਈਆ ਕਰਵਾਏ ਜਾ ਰਹੇ ਹਨ, ਉਹ ਸਾਰੇ ਦਸਤਾਵੇਜ਼ ਨੇਵਾ

ਇਸ ਤੋਂ ਇਲਾਵਾ ਸੈਸ਼ਨ ਸਬੰਧੀ ਅਤੇ ਮਾਣਯੋਗ ਮੈਂਬਰ ਸਾਹਿਬਾਨਾਂ ਨਾਲ ਸਬੰਧੀ ਜਾਣਕਾਰੀ ਪੰਜਾਬ ਵਿਧਾਨ ਸਭਾ ਦੀ ਵੈੱਬਸਾਈਟ www.punjabassembly.nic.in ਅਤੇ ਨੇਵਾ ਐਪ ਤੇ ਵੀ ਸ਼ੇਅਰ ਕੀਤੀ ਜਾਂਦੀ ਹੈ। ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਐਂਡਰਾਇਡ ਜਾਂ ਐਪਲ ਸਟੋਰ ਤੋਂ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਦਾ ਮੋਬਾਈਲ ਐਪ ਡਾਊਨਲੋਡ ਕਰ ਸਕਦੇ ਹਨ। ਅਗਰ ਇਸ ਸਬੰਧੀ ਫਿਰ ਵੀ ਕੋਈ ਦਿੱਕਤ ਆਉਂਦੀ ਹੈ ਤਾਂ ਜਿਹੜਾ ਇੱਥੇ ਨੇਵਾ ਸੇਵਾ ਕੇਂਦਰ ਖੋਲ੍ਹਿਆ ਗਿਆ ਹੈ, ਉਥੋਂ ਮਦਦ ਲੈ ਕੇ ਚਾਲੂ ਕਰ ਸਕਦੇ ਹਾਂ।

ਵਿਧਾਨ ਸਭਾ ਸਕੱਤਰੇਤ ਵੱਲੋਂ All MLAs Punjab Vidhan Sabha ਨਾਮ ਦਾ ਇੱਕ ਵਾਟਸਐਪ ਗਰੁੱਪ ਵੀ ਬਣਾਇਆ ਗਿਆ ਹੈ, ਜਿਸ ਵਿੱਚ ਸਦਨ ਅਤੇ ਵਿਧਾਨ ਸਭਾ ਨਾਲ ਸਬੰਧਤ ਮਹੱਤਵਪੂਰਨ ਦਸਤਾਵੇਜ਼ ਮਾਣਯੋਗ ਮੈਂਬਰ ਸਾਹਿਬਾਨਾਂ ਦੀ ਜਾਣਕਾਰੀ ਲਈ ਸ਼ੇਅਰ ਕੀਤੇ ਜਾਂਦੇ ਹਨ। ਮੇਰੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਮਾਣਯੋਗ ਮੈਂਬਰ ਇਸ ਵਾਟਸਐਪ ਗਰੁੱਪ ਤੇ ਪਾਏ ਗਏ ਦਸਤਾਵੇਜ਼ਾਂ ਨੂੰ ਨਹੀਂ ਪੜ੍ਹ ਰਹੇ। ਮੇਰੀ ਸਾਰੇ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਇਸ ਵਾਟਸਐਪ ਗਰੁੱਪ ਤੇ ਜੋ ਵੀ ਦਸਤਾਵੇਜ਼ ਪਾਏ ਜਾਂਦੇ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਪੜ੍ਹਿਆ ਜਾਵੇ।